# ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ, ਪੰਜਾਬ

**ਐਸ.ਸੀ.ਓ. - 104-106, ਦੂਜੀ ਤੇ ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ।**

---

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.),
ਪੰਜਾਬ ।

ਮੀਮੋ ਨੰ: 2012/ਸਸਅ/ਕੋਆਰਡੀਨੇਸ਼ਨ/ 19899
ਮਿਤੀ: ਚੰਡੀਗੜ੍ਹ 15/08/12

**ਵਿਸ਼ਾ: ਅਧਿਆਪਕਾਂ ਤੋਂ ਗੈਰ-ਵਿਦਿਅਕ ਕੰਮ ਨਾ ਲੈਣ ਬਾਰੇ।**

1.0 ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਸਮੇਂ-ਸਮੇਂ ਇਸ ਦਫ਼ਤਰ ਤੋਂ ਅਧਿਆਪਕਾਂ ਦੀਆਂ ਬੀ.ਐਲ.ਓ. ਜਾਂ ਹੋਰ ਗੈਰ-ਵਿਦਿਆਕ ਕੰਮਾਂ ਵਿੱਚ ਡਿਊਟੀ ਸਕੂਲ ਸਮੇਂ ਦੌਰਾਨ ਨਾ ਲਗਾਉਣ ਬਾਰੇ ਲਿਖਿਆ ਗਿਆ ਹੈ।

2.0 ਪਰੰਤੂ ਇਸ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਅਜੇ ਵੀ ਕਈ ਜ਼ਿਲ੍ਹਿਆਂ ਵਿੱਚ ਅਧਿਆਪਕ ਬੀ.ਐਲ.ਓ. ਜਾਂ ਹੋਰ ਗੈਰ-ਵਿਦਿਅਕ ਕੰਮਾਂ ਸਬੰਧੀ ਡਿਪਟੀ ਕਮੀਸ਼ਨਰ ਜੀ ਦੇ ਦਫ਼ਤਰ ਵਿੱਚ ਹਾਜਰ ਹੋਣ ਦਾ ਬਹਾਨਾ ਬਣਾਕੇ ਸਕੂਲ ਤੋਂ ਗੈਰਹਾਜਰ ਰਹਿੰਦੇ ਹਨ। ਇਸ ਨਾਲ ਬੱਚਿਆਂ ਦੀ ਪੜ੍ਹਾਈ ਤੇ ਬੂਰਾ ਅਸਰ ਪੈ ਰਿਹਾ ਹੈ।

3.0 ਇਸ ਸਬੰਧੀ ਆਪ ਨੂੰ ਦੁਬਾਰਾ ਲਿਖਿਆ ਜਾਂਦਾ ਹੈ ਕਿ ਅਧਿਆਪਕਾਂ ਨੂੰ ਗੈਰ-ਵਿਦਿਅਕ ਕੰਮ ਲਈ ਸਕੂਲਾਂ ਤੋਂ ਫਾਰਗ ਨਾ ਕੀਤਾ ਜਾਵੇ ਅਤੇ ਸਿਰਫ ਛੁੱਟੀ ਵਾਲੇ ਦਿਨ ਜਾਂ ਸਕੂਲ ਸਮੇਂ ਤੋਂ ਬਾਅਦ ਹੀ ਗੈਰ-ਵਿਦਿਅਕ ਕੰਮ ਕਰਵਾਇਆ ਜਾਵੇ। ਜੇਕਰ ਅਧਿਆਪਕ ਸਕੂਲ ਸਮੇਂ ਦੋਰਾਨ ਇਹ ਕੰਮ ਕਰਦੇ ਹਨ ਤਾਂ ਇਹ ਵਿਭਾਗ ਦੀਆਂ ਹਦਾਇਤਾਂ ਦੀ ਉਲੰਘਣਾ ਹੋਵੇਗੀ ਅਤੇ ਮਾਣਯੋਗ ਸੁਪਰੀਮ ਕੋਰਟ ਦੇ ਹੁਕਮ ਦੀ ਵੀ ਬੇਅਦਬੀ ਹੋਵੇਗੀ।

4.0 ਜੇਕਰ ਫਿਰ ਵੀ ਕਿਸੇ ਜ਼ਿਲ੍ਹੇ ਵਿੱਚ ਕੋਈ ਅਧਿਆਪਕ ਸਕੂਲ ਸਮੇਂ ਦੌਰਾਨ ਗੈਰ-ਵਿਦਿਆਕ ਕੰਮ ਕਰਦਾ ਪਾਇਆ ਜਾਂਦਾ ਹੈ ਤਾਂ ਇਸਦੀ ਜ਼ਿਮੇਵਾਰੀ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਹੋਵੇਗੀ।

5.0 ਉਪਰੋਕਤ ਆਦੇਸ਼ਾਂ ਦੀ ਇਨ-ਬਿਨ ਪਾਲਣਾ ਯਕੀਨੀ ਬਣਾਈ ਜਾਵੇ ਜਾਵੇਗੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ